## First Term Examination (21 September 2017)

**Class - X**

**Paper - Punjabi**

**Set - B**

**Time: 3 hrs.** **MM: 80**

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿੱਚ ਦਿਓ:** **(4×1=4)**

ੳ) 'ਮੈਂ ਕਿਸੇ ਤੋਂ ਘੱਟ ਨਹੀਂ" ਕਹਾਣੀ ਦੀ ਪਾਤਰ ਰਜਨੀ ਦੀ ਉਮਰ ਕਿੰਨੀ ਸੀ?

ਅ) 'ਈਅਰ ਫੋਨ' ਕਹਾਣੀ ਕਿਸ ਦੀ ਲਿਖੀ ਹੋਈ ਹੈ?

ੲ) ਕੇ.ਐੱਲ.ਗਰਗ ਦਾ ਲਿਖਿਆ ਹੋਇਆ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?

ਸ) ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਲਿਖੋ:** **(6×2=12)**

ੳ) ਚਿੜੀਆ ਘਰ ਦਾ ਅਫ਼ਸਰ ਕਿਸ ਗੱਲ ਲਈ ਹੈਰਾਨ ਹੋਇਆ ਤੇ ਉਸ ਨੇ ਸਾਰਿਆਂ ਨੂੰ ਕੀ ਕਿਹਾ?

ਅ) ਈਅਰ ਫੋਨ ਦੀ ਵਧੇਰੇ ਵਰਤੋਂ ਕਾਰਨ ਮੀਨਾਕਸ਼ੀ ਨਾਲ ਕੀ ਵਾਪਰਿਆ?

ੲ) ਗੁਰੂ ਹਰਿਗੋਬਿੰਦ ਜੀ ਦੇ ਪਾਲਣ-ਪੋਸ਼ਣ ਵਿੱਚ ਬੀਬੀ ਭਾਨੀ ਜੀ ਨੇ ਕੀ ਯੋਗਦਾਨ ਦਿੱਤਾ?

ਸ) ਮਿਲਖਾ ਸਿੰਘ ਫੌਜ਼ ਵਿੱਚ ਕਦੋਂ ਭਰਤੀ ਹੋਇਆ? ਉਸ ਦੀ ਫੌਜ਼ ਵਿੱਚ ਭਰਤੀ ਦੀ ਵੱਡੀ ਰੁਕਾਵਟ ਕੀ ਸੀ?

ਹ) ਬੀਬੀ ਭਾਨੀ ਜੀ ਦੇ ਜੀਵਨ ਦਾ ਕੋਈ ਅਤਿਅੰਤ ਸੁੰਦਰ ਕਾਰਨਾਮਾ ਲਿਖੋ।

ਕ) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖਿਤਾਬ ਕਿਵੇਂ ਮਿਲਿਆ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(1×5=5)**

'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ ਵਸਤੂ ਤੇ ਆਪਣੇ ਵਿਚਾਰ ਲਿਖੋ।

**ਜਾਂ**

'ਰੁੱਖਾਂ ਬਾਝੋਂ ਧਰਤੀ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**4) ਕਦਰਾਂ ਕੀਮਤਾਂ ਤੇ ਅਧਾਰਤ** **(4)**

ਕੀ ਭਰੂਣ ਹੱਤਿਆ ਇਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ? ਇਸ ਸੰਬੰਧੀ ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।



Set - B

## 5ੳ) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:

ਭਾਰਤ ਰਿਸ਼ੀਆਂ, ਮੁਨੀਆਂ, ਗੁਰੂਆਂ, ਪੀਰਾਂ, ਫ਼ਕੀਰਾਂ, ਨਾਥਾਂ, ਜੋਗੀਆਂ, ਭਗਤਾਂ ਤੇ ਸੂਫ਼ੀਆਂ ਦਾ ਦੇਸ਼ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ, ਅਰਜਨ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ—"ਹੇ ਅਰਜਨ ! ਜਦੋਂ-ਜਦੋਂ ਵੀ ਧਰਮ ਦਾ ਹਰਾਸ ਹੁੰਦਾ ਹੈ, ਉਸ ਸਮੇਂ ਧਰਮ ਦੀ ਰੱਖਿਆ ਕਰਨ ਲਈ, ਸਾਧੂਆਂ ਦੇ ਬਚਾਅ ਲਈ ਤੇ ਪਾਪਾਂ ਦੇ ਨਾਸ਼ ਲਈ, ਧਰਮ ਨੂੰ ਉਭਾਰਨ ਲਈ ਮੈਂ ਆਪਣੇ-ਆਪ ਨੂੰ ਯੁੱਗ-ਯੁੱਗ ਵਿਚ ਪ੍ਰਗਟ ਕਰਦਾ ਹਾਂ।" ਇਸੇ ਤਰ੍ਹਾਂ ਭਗਤ ਰਵਿਦਾਸ ਦੇ ਆਗਮਨ ਤੋਂ ਪਹਿਲਾਂ ਭਾਰਤ ਦੀ ਹਾਲਤ ਬੜੀ ਤਰਸ-ਯੋਗ ਸੀ, ਕਿਉਂਕਿ ਏਥੋਂ ਦੀ ਧਾਰਮਿਕ, ਰਾਜਨੀਤਕ, ਆਰਥਿਕ ਤੇ ਸੱਭਿਆਚਰਕ ਹਾਲਤ ਏਨੀ ਗਿਰਾਵਟ ਵਿਚ ਆ ਚੁੱਕੀ ਸੀ ਕਿ ਸਮਾਜ ਵਿਚ ਪਸ਼ੂਪਨ ਦੀ ਪ੍ਰਧਾਨਤਾ ਪਾਈ ਜਾਣ ਲੱਗ ਪਈ। ਲੋਕ ਇਨਸਾਨੀਅਤ ਦਾ ਜੀਵਨ ਜੀਉਣਾ ਭੁੱਲ ਚੁੱਕੇ ਸਨ। ਬ੍ਰਾਹਮਣ-ਵਰਗ ਦੀ ਉੱਚਤਾ, ਜ਼ਾਤ-ਪਾਤ, ਛੂਤ-ਛਾਤ ਆਪਣਾ ਪੂਰੀ ਤਰ੍ਹਾਂ ਘਰ ਕਰ ਬੈਠੇ ਸਨ। ਸਮਾਜ ਚਾਰ ਵਰਗਾਂ—ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਹੋਇਆ ਸੀ। ਪਹਿਲੇ ਵਰਗ ਦਾ ਕੰਮ ਆਪ ਵਿੱਦਿਆ ਪੜ੍ਹਨਾ ਤੇ ਦੂਜਿਆਂ ਵਰਗਾਂ ਨੂੰ ਵਿੱਦਿਆ ਪੜ੍ਹਾਉਣਾ ਸੀ। ਦੂਜਾ ਵਰਗ ਦੇਸ਼ ਦੀ ਰੱਖਿਆ ਕਰਨ ਲਈ ਹਰ ਸਮੇਂ ਤਤਪਰ ਰਹਿੰਦਾ ਸੀ ਤੇ ਵੈਸ਼ ਖੇਤੀਬਾੜੀ ਤੇ ਵਣਜ ਆਦਿ ਦਾ ਕੰਮ ਕਰਦੇ ਸਨ। ਚੌਥਾ ਵਰਗ ਇਨ੍ਹਾਂ ਸਾਰਿਆਂ ਦੀ ਸੇਵਾ ਕਰਨ ਵਿਚ ਕਿਸੇ ਗੱਲੋਂ ਵੀ ਕਸਰ ਨਹੀਂ ਸੀ ਛੱਡਦਾ। ਪਰ ਹੌਲੀ-ਹੌਲੀ ਇਹ ਵਰਗ-ਵੰਡ ਏਨੀ ਪੀਡੀ ਹੋ ਗਈ ਕਿ ਜਿਸ ਨੇ ਜ਼ਾਤ-ਪਾਤ ਨੂੰ ਸਦਾ ਲਈ ਕਾਇਮ ਰੱਖਣ ਵਿਚ ਆਪਣਾ ਹਿੱਸਾ ਪਾਇਆ। ਹੇਠਲਾ ਵਰਗ ਜੋ ਕਿ ਆਪਣੇ ਫ਼ਰਜ਼ਾਂ ਨੂੰ ਚੰਗੀ ਤਰ੍ਹਾਂ ਨਿਭਾਈ ਜਾ ਰਿਹਾ ਸੀ, ਉਸ ਵਿਰੁੱਧ ਨਫ਼ਰਤ ਦਾ ਬੀਜ ਐਸਾ ਪੁੰਗਰਿਆ ਕਿ ਉਨ੍ਹਾਂ ਨੂੰ ਅਛੂਤ ਸਮਝਿਆ ਜਾਣ ਲੱਗ ਪਿਆ। ਇਨਸਾਨ, ਇਨਸਾਨ ਤੋਂ ਕੋਹਾਂ ਦੂਰ ਨੱਠਣ ਦਾ ਯਤਨ ਕਰਨ ਲੱਗਾ ਕਿਉਂਕਿ ਡਰ ਸੀ ਕਿ ਉਸ ਦਾ ਪਰਛਾਵਾਂ ਵੀ ਉੱਚ-ਵਰਗ ਨੂੰ ਪਲੀਤ ਨਾ ਕਰ ਦੇਵੇ। ਇਨ੍ਹਾਂ ਬੁਰਾਈਆਂ ਕਾਰਣ ਹੀ ਭਾਰਤੀ ਸੱਭਿਆਚਾਰ ਦੀਆਂ ਅਦੁੱਤੀ ਰਵਾਇਤਾਂ ਮਿੱਟੀ ਵਿਚ ਮਿਲਦੀਆਂ ਜਾ ਰਹੀਆਂ ਸਨ। ਉਸ ਸਮੇਂ ਰਵਿਦਾਸ ਜੀ ਮਹਾਰਾਜ ਦੱਬੇ-ਕੁਚਲੇ ਵਰਗ ਦੀ ਰੱਖਿਆ ਕਰਨ ਲਈ ਤੇ ਇਸ ਨੂੰ ਨਵਾਂ ਜੀਵਨ, ਨਵਾਂ ਜੋਸ਼ ਤੇ ਨਵਾਂ ਜਜ਼ਬਾ, ਇਨਸਾਨ ਵਾਂਗ ਜੀਵਨ ਜੀਉਣ ਲਈ ਆਸ ਦੀ ਕਿਰਨ ਪ੍ਰਦਾਨ ਕਰਨ ਲਈ, ਸੱਚਾਈ ਦਾ ਚੰਦਰਮਾ ਬਣ ਕੇ ਭਾਰਤੀ ਅਕਾਸ਼ ਵਿਚ ਉਦੈ ਹੋਏ।

ੳ) ਭਗਵਤ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਕੀ ਕਿਹਾ? (2)

ਅ) ਭਗਤ ਰਵਿਦਾਸ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਦੀ ਕਿਹੋ ਜਿਹੀ ਹਾਲਤ ਸੀ? (2)

ੲ) ਸਮਾਜ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਗਿਆ ਅਤੇ ਉਨ੍ਹਾਂ ਨੇ ਕੰਮ ਨੂੰ ਕਿਵੇਂ ਵੰਡਿਆ? (2)

ਸ) ਵਰਗ-ਵੰਡ ਨੇ ਭਾਰਤੀ ਸਮਾਜ ਨੂੰ ਕਿਵੇਂ ਨੁਕਸਾਨ ਪਹੁੰਚਾਇਆ ਅਤੇ ਉਸ ਸਮੇਂ ਦੀ ਸਮਾਜਕ ਮੰਦ ਹਾਲਤ ਵਿੱਚ ਭਗਤ ਰਵਿਦਾਸ ਜੀ ਨੇ ਕੀ ਕੀਤਾ? (2)

ਹ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। (1)

## ਅ) ਹੇਠ ਲਿਖੀ ਅਣਡਿੱਠੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

ਸੋਹਣੀ ਜ਼ਿੰਦਗੀ ਜਿਊਣ ਲਈ, ਵਿੱਦਿਆ ਹੀ ਇਕ ਸਹਾਰਾ ਹੈ।
ਜੀਵਨ ਦੇ ਡੂੰਘੇ ਸਾਗਰਾਂ ਦਾ, ਵਿੱਦਿਆ ਨਾਲ ਪਾਰ ਉਤਾਰਾ ਹੈ।
ਨਿੱਤ ਬਦਲਦੀ ਦੁਨੀਆਂ ਵਿੱਚ, ਰਿਸ਼ਤੇ ਤਾਂ ਨਿੱਤ ਬਦਲਦੇ ਨੇ।
ਪਰ ਵਿੱਦਿਆ ਅਜਿਹਾ ਰਿਸ਼ਤਾ ਹੈ, ਜੋ ਟੁੱਟਦਾ ਨਾ ਛੁੱਟਦਾ ਹੈ।
ਵਿੱਦਿਆ ਉਹ ਕੀਮਤੀ ਗਹਿਣਾ ਹੈ, ਜੋ ਨਾ ਖੁੱਸਣਾ, ਨਾ ਲਹਿਣਾ ਹੈ,
ਜੋ ਇਸਨੂੰ ਪਾ ਲੈਂਦਾ ਹੈ, ਆਪਣਾ ਨਾਂ ਚਮਕਾ ਲੈਂਦਾ ਹੈ।

ਪ੍ਰ. ਵਿੱਦਿਆ ਨਾਲ ਕਿਸ ਨੂੰ ਪਾਰ ਕੀਤਾ ਜਾ ਸਕਦਾ ਹੈ? (2)

ਪ੍ਰ. ਹਰ ਰੋਜ਼ ਬਦਲਦੀ ਦੁਨੀਆਂ ਵਿੱਚ ਕਿਹੜੀ ਚੀਜ਼ ਬਦਲਦੀ ਹੈ? (2)

ਪ੍ਰ. ਕਿਸ ਦਾ ਜੀਵਨ ਸਫ਼ਲ ਹੁੰਦਾ ਹੈ? (2)



Set-B

## ਲਿਖਣ ਕੌਸ਼ਲ

**6) ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ:** **(10)**

**ਸਾਡੀ ਮਾਤ - ਭਾਸ਼ਾ ਪੰਜਾਬੀ**

ਨੁਕਤੇ -

ਮਾਤ-ਭਾਸ਼ਾ ਤੋਂ ਭਾਵ, ਮਾਤ-ਭਾਸ਼ਾ ਦਾ ਮਹੱਤਵ, ਸਰਕਾਰ ਦਾ ਪੰਜਾਬੀ ਪ੍ਰਤੀ ਰਵੱਈਆ, ਪੰਜਾਬੀ ਲੋਕ ਜ਼ਿੰਮੇਵਾਰ, ਸਿੱਟਾ

**ਜਾਂ**

**ਪ੍ਰਦੂਸ਼ਣ ਦੀ ਸਮੱਸਿਆ**

ਨੁਕਤੇ -

ਭੂਮਿਕਾ, ਸਮੱਸਿਆਵਾਂ, ਕਾਰਨ, ਜਲ-ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ, ਸ਼ੋਰ ਸ਼ਰਾਬਾ, ਨੁਕਸਾਨ, ਸੁਝਾਅ, ਸਿੱਟਾ

**7) ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ।** **(8)**

ਤੁਹਾਡੇ ਦੁਆਰਾ ਮੰਗਵਾਈਆਂ ਪੁਸਤਕਾਂ ਖਸਤਾ ਹਾਲਤ ਵਿੱਚ ਹਨ। ਦੁਕਾਨਦਾਰ ਨੂੰ ਪੱਤਰ ਰਾਹੀਂ ਸ਼ਿਕਾਇਤ ਕਰੋ ਅਤੇ ਨਵੀਆਂ ਪੁਸਤਕਾਂ ਭੇਜਣ ਲਈ ਲਿਖੋ।


**ਜਾਂ**

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਵਧਦੀਆਂ ਸੜਕ ਦੁਰਘਟਨਾਵਾਂ ਬਾਰੇ ਪੱਤਰ ਲਿਖੋ।

**8)** ਤੁਸੀਂ ਆਪਣਾ ਮਕਾਨ ਵੇਚਣਾ ਹੈ, ਉਸ ਲਈ ਇਸ਼ਤਿਹਾਰ ਲਿਖੋ। **(7)**

**ਜਾਂ**

**ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ:**



**ਕੋਲਕਾਤਾ ਵਿਖੇ ਭਾਰਤੀ ਸਟੇਟ ਬੈਂਕ ਦੇ ਬਾਹਰ 500 ਅਤੇ 1000 ਰੁਪਏ ਦੇ ਨੋਟ ਬਦਲਾਉਣ ਲਈ ਲੰਬੀਆਂ ਕਤਾਰਾਂ 'ਚ ਲੱਗੇ ਹੋਏ ਲੋਕ।**



Set-B

## ਵਿਆਕਰਨ (ਬਹੁ ਵਿਕਲਪੀ ਅਤੇ ਛੋਟੇ ਪ੍ਰਸ਼ਨ)

**9ੳ) ਹੇਠ ਲਿਖੇ ਸ਼ਬਦ ਸਮੂਹ ਦਾ ਸਹੀ ਸਮਾਸੀ ਸ਼ਬਦ ਚੁਣੋ:** (2)

**ਲੋਕ ਅਤੇ ਪਰਲੋਕ**

ੳ) ਲੋਕ ਪਰਲੋਕ ਅ) ਲੋਕ-ਪਰਲੋਕ ੲ) ਲੋਕ-ਪਰ-ਲੋਕ ਸ) ਲੋਕਾਂ-ਪਰਲੋਕ

**ਅ) ਵਿਰੋਧੀ ਅਰਥ ਵਾਲਾ ਸਹੀ ਸਮਾਸੀ ਸ਼ਬਦ ਚੁਣੋ:**

ੳ) ਰਾਮ-ਰਹੀਮ ਅ) ਵਾਰੋ-ਵਾਰੀ ੲ) ਸਿੱਧ-ਪੱਧਰਾ ਸ) ਦਿਨ-ਰਾਤ

**10ੳ) ਹੇਠ ਲਿਖੇ ਸ਼ਬਦ ਦਾ ਸਹੀ ਬਹੁਅਰਥਕ ਵਿਕਲਪ ਚੁਣੋ:** (3)

**ਹਾਰ**

ੳ) ਗਹਿਣਾ, ਹਾਰਨਾ, ਥੱਕਣਾ ਅ) ਹਾਰਨਾ, ਵਾਂਗ

ੲ) ਸੋਨਾ, ਜਿੱਤਣਾ ਸ) ਨਰਾਜ਼, ਪਾਲਣਾ

**ਅ)** 'ਝੂਠ ਮਾਰਨ' ਕਾਰਨ ਮੁਕੇਸ਼ ਨੂੰ ਸਕੂਲੋਂ 'ਮਾਰ ਪਈ'। ਪਤਾ ਨਹੀਂ ਉਸ ਨੂੰ ਕੀ 'ਮਾਰ ਵੱਗ ਗਈ ਏ ਕਿ ਸਭ ਦੇ ਪੈਸੇ 'ਮਾਰ' ਲੈਂਦਾ ਹੈ।' ਇਸ ਵਿੱਚ ਵਿੱਚ ਚੌਥੇ 'ਮਾਰ' ਸ਼ਬਦ ਦੇ ਕੀ ਅਰਥ ਹਨ?

ੳ) ਕੁੱਟ ਅ) ਬੋਲਣਾ ੲ) ਹੜੱਪ ਕਰਨਾ ਸ) ਵਿਗੜੀ ਆਦਤ

**ੲ) 'ਬੋਲੀ' ਦਾ ਇੱਕ ਅਰਥ ਹੈ 'ਭਾਸ਼ਾ', ਦੂਜਾ ਅਰਥ ਵੀ ਦੱਸੋ:**

ੳ) ਤੋੜਨਾ ਅ) ਤਾਹਨਾ ੲ) ਪ੍ਰੇਮ ਸ) ਨਫ਼ਰਤ

**11) ਵਿਸਰਾਮ ਚਿੰਨ੍ਹ ਲਗਾਓ:** (3)

ੳ) ਮਾਂ ਨੇ ਪੁੱਤਰ ਨੂੰ ਕਿਹਾ ਕਾਕਾ ਛੇਤੀ ਬਜ਼ਾਰ ਜਾ ਤੇ ਮੱਖਣ ਆਂਡੇ ਚੀਨੀ ਤੇ ਡਬਲ ਰੋਟੀ ਲੈ ਆ

ਅ) ਹਾਇ ਮੈਂ ਲੁੱਟਿਆ ਗਿਆ

ੲ) ਅਧਿਆਪਕ ਨੇ ਕਿਹਾ ਬੱਚਿਓ ਪਹਿਲੇ ਸੁਤੰਤਰਤਾ ਸੰਗਰਾਮ ਨੂੰ ਕਿੰਨਾ ਸਮਾਂ ਹੋ ਗਿਆ ਹੈ

**12) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ:** (3)

ਕੰਨ 'ਤੇ ਜੂੰ ਨਾ ਸਰਕਣੀ, ਗਲ ਪਿਆ ਢੋਲ ਵਜਾਉਣਾ, ਘਿਉ ਖਿਚੜੀ ਹੋਣਾ

**13)ੳ) ਅਗੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ:** ਸਬ, ਨਿਰ (2)

**ਅ) ਪਿਛੇਤਰ ਲਗਾ ਕੇ ਦੋ-ਦੋ ਸ਼ਬਦ ਬਣਾਓ:** ਹਾਰ, ਕਾਰੀ (2)



Set - B